## ਆਮ ਪੁੱਛੇ ਜਾਣ ਵਾਲੇ ਸਵਾਲ

**ਐਕਸਟੈਂਡਿਡ ਡੇਅ (ਵਧਾਇਆ ਹੋਇਆ ਦਿਨ)** **22 ਫਰਵਰੀ 2024**

---

### 1. ਐਕਸਟੈਂਡਿਡ ਡੇਅ (ਵਧਾਏ ਹੋਏ ਦਿਨ) ਦਾ ਕੀ ਮਤਲਬ ਹੈ?

ਐਕਸਟੈਂਡਿਡ ਡੇਅ (ਵਧਾਏ ਹੋਏ ਦਿਨ) ਵਿੱਚ ਸਕੂਲ ਦੇ ਦਿਨ ਨੂੰ ਇਕ ਬਲਾਕ (ਜਾਂ ਕਲਾਸ ਦੇ ਇਕ ਪੀਰੀਅਡ) ਨਾਲ ਵਧਾਉਣਾ ਹੈ। ਇਹ ਤਬਦੀਲੀ ਸਕੂਲ ਦੀ ਸਮਰਥਾ (ਕੈਪਿਸਟੀ) ਨੂੰ ਤਕਰੀਬਨ 10-15% ਵਧਾਉਣ ਵਿੱਚ ਮਦਦ ਕਰੇਗੀ।

ਵਿਦਿਆਰਥੀਆਂ ਦੀ ਹਾਜ਼ਰੀ ਨੂੰ ਲਮਕਾਉਣ ਨਾਲ, ਅਸੀਂ ਮੌਜੂਦਾ ਥਾਂ ਨੂੰ ਕਾਰਗਰ ਢੰਗ ਨਾਲ ਵਰਤ ਸਕਦੇ ਹਾਂ ਅਤੇ ਸਕੂਲ ਦੀ ਆਪਣੀ ਮੌਜੂਦਾ ਥਾਂ ਵਿੱਚ ਜ਼ਿਆਦਾ ਵਿਦਿਆਰਥੀਆਂ ਨੂੰ ਸਮਾ ਸਕਦੇ ਹਾਂ।

### 2. ਡਿਸਟ੍ਰਿਕਟ ਦੇ ਕਿਹੜੇ ਸਕੂਲ 2024-2025 ਦੇ ਸਕੂਲ ਸਾਲ ਵਿੱਚ ਐਕਸਟੈਂਡਿਡ ਡੇਅ (ਵਧਾਏ ਹੋਏ ਦਿਨ) ਦਾ ਸਕੈਜੂਅਲ (ਪੜ੍ਹਾਈ ਦਾ ਸਮਾਂ) ਲਾਗੂ ਕਰਨ ਬਾਰੇ ਸੋਚ ਰਹੇ ਹਨ?

ਡਿਸਟ੍ਰਿਕਟ ਸਤੰਬਰ ਵਿੱਚ ਐਕਸਟੈਂਡਿਡ ਡੇਅ (ਵਧਾਏ ਹੋਏ ਦਿਨ) ਦੇ ਸਕੈਜੂਅਲ (ਪੜ੍ਹਾਈ ਦੇ ਸਮੇਂ) ਨੂੰ ਅੱਗੇ ਦਿੱਤੇ ਪੰਜ ਸੈਕੰਡਰੀ ਸਕੂਲਾਂ ਵਿੱਚ ਲਾਗੂ ਕਰ ਰਿਹਾ ਹੈ: ਗਰੈਂਡਵਿਊ ਹਾਈਟਸ ਸੈਕੰਡਰੀ, ਫਲੀਟਵੁੱਡ ਪਾਰਕ ਸੈਕੰਡਰੀ, ਲੌਰਡ ਟਵੀਡਜ਼ਮਿਊਰ ਸੈਕੰਡਰੀ, ਕਵਾਂਟਲਨ ਪਾਰਕ ਸੈਕੰਡਰੀ, ਅਤੇ ਟਮਾਨਵਿਸ ਸੈਕੰਡਰੀ।

ਇਸ ਦੇ ਨਾਲ ਹੀ ਇਸ ਸਮੇਂ ਫਰੇਜ਼ਰ ਹਾਈਟਸ ਸੈਕੰਡਰੀ ਅਤੇ ਸੇਲਿਸ਼ ਸੈਕੰਡਰੀ ਵਿੱਚ ਵੀ ਐਕਸਟੈਂਡਿਡ ਡੇਅ (ਵਧਾਏ ਹੋਏ ਦਿਨ) ਦਾ ਸਕੈਜੂਅਲ ਲਾਗੂ ਕਰਨ ਬਾਰੇ ਗੌਰ ਕੀਤਾ ਜਾ ਰਿਹਾ ਹੈ। ਇਹਨਾਂ ਦੋਵਾਂ ਸਕੂਲਾਂ ਬਾਰੇ ਫੈਸਲਾ ਮਈ 2024 ਤੱਕ ਹੋਣ ਦੀ ਉਮੀਦ ਹੈ। ਇਹ ਫੈਸਲੇ ਕਈ ਗੱਲਾਂ `ਤੇ ਨਿਰਭਰ ਹੋਣਗੇ, ਜਿਹਨਾਂ ਵਿੱਚ ਵਿਦਿਆਰਥੀਆਂ ਵਲੋਂ ਕੋਰਸਾਂ ਦੀ ਚੋਣ ਅਤੇ ਦਾਖਲਾ ਸ਼ਾਮਲ ਹੈ।

### 3. ਡਿਸਟ੍ਰਿਕਟ ਕੁੱਝ ਸੈਕੰਡਰੀ ਸਕੂਲਾਂ ਵਿੱਚ ਐਕਸਟੈਂਡਿਡ ਡੇਅ (ਵਧਾਇਆ ਹੋਇਆ ਦਿਨ) ਕਿਉਂ ਲਾਗੂ ਕਰ ਰਿਹਾ ਹੈ?

ਸਾਡੇ ਸਕੂਲਾਂ ਵਿੱਚ ਵਿਦਿਆਰਥੀਆਂ ਦੀ ਗਿਣਤੀ ਬਹੁਤ ਤੇਜ਼ੀ ਨਾਲ ਵੱਧ ਰਹੀ ਹੈ, ਜਿਸ ਕਾਰਨ ਸਾਡੀ ਮੌਜੂਦਾ ਥਾਂ ਵਿੱਚ ਇਸ ਸਮੇਂ ਦਾਖਲ ਵਿਦਿਆਰਥੀਆਂ ਅਤੇ ਦਾਖਲੇ ਵਿੱਚ ਅਨੁਮਾਨਿਤ ਵਾਧੇ ਲਈ ਕਾਰਗਰ ਢੰਗ ਨਾਲ ਪ੍ਰਬੰਧ ਕਰਨ ਵਿੱਚ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜਦੋਂ ਕਿ ਸਾਡਾ ਡਿਸਟ੍ਰਿਕਟ ਨਵੇਂ ਸਕੂਲ ਉਸਾਰਨ ਅਤੇ ਮੌਜੂਦਾ ਥਾਂਵਾਂ ਵਿੱਚ ਵਾਧਾ ਕਰਨ ਲਈ ਫੰਡਾਂ ਲਈ ਲਗਾਤਾਰ ਵਕਾਲਤ ਕਰ ਰਿਹਾ ਹੈ, ਫਿਰ ਵੀ ਫੌਰੀ ਹੱਲ ਲੱਭਣ ਦੀ ਸਖਤ ਲੋੜ ਹੈ।

ਐਕਸਟੈਂਡਿਡ ਡੇਅ ਦਾ ਹੱਲ ਪਹਿਲਾਂ ਵੀ ਸਾਡੇ ਡਿਸਟ੍ਰਿਕਟ ਵਿੱਚ ਲਾਗੂ ਕੀਤਾ ਗਿਆ ਸੀ, ਜਿਸ ਨਾਲ ਅਸੀਂ ਆਪਣੇ ਵਿਦਿਆਰਥੀਆਂ ਲਈ ਸਿੱਖਿਆ ਦੀ ਕੁਆਲਟੀ ਨੂੰ ਕਾਇਮ ਰੱਖਦਿਆਂ ਤੇਜ਼ੀ ਨਾਲ ਕਦਮ ਚੁੱਕ ਸਕੇ ਸੀ। ਅਸੀਂ ਸਮਝਦੇ ਹਾਂ ਕਿ ਇਹ ਤਬਦੀਲੀ ਚੁਣੌਤੀਆਂ ਪੈਦਾ ਕਰ ਸਕਦੀ ਹੈ ਅਤੇ ਸਟਾਫ, ਵਿਦਿਆਰਥੀਆਂ ਅਤੇ ਪਰਿਵਾਰਾਂ `ਤੇ ਅਸਰ ਪਾਵੇਗੀ, ਅਤੇ ਅਸੀਂ ਆਪਣੀ ਯੋਗਤਾ ਅਨੁਸਾਰ ਕਿਸੇ ਵੀ ਤਰ੍ਹਾਂ ਦੀਆਂ ਪੈਦਾ ਹੋਣ ਵਾਲੀਆਂ ਮੁਸ਼ਕਿਲਾਂ ਨੂੰ ਘੱਟ ਕਰਨ ਲਈ ਵਚਨਬੱਧ ਹਾਂ।

### 4. ਮੇਰਾ ਸਕੂਲ ਐਕਸਟੈਂਡਿਡ ਡੇਅ ਕਿਉਂ ਲਾਗੂ ਕਰ ਰਿਹਾ ਹੈ?

ਐਕਸਟੈਂਡਿਡ ਡੇਅ ਦਾ ਟੀਚਾ ਸਕੂਲ ਵਿੱਚ ਮੌਜੂਦਾ ਥਾਂ ਅਤੇ ਸਾਜ਼-ਸਾਮਾਨ ਦੀ ਜ਼ਿਆਦਾ ਕਾਰਗਰ ਢੰਗ ਨਾਲ ਵਰਤੋਂ ਕਰਕੇ ਸਾਡੇ ਡਿਸਟ੍ਰਿਕਟ ਦੇ ਬਹੁਤੀ ਭੀੜ ਵਾਲੇ ਸੈਕੰਡਰੀ ਸਕੂਲਾਂ ਦੀ ਸਮਰੱਥਾ (ਕੈਪਿਸਟੀ) ਨੂੰ ਵਧਾਉਣਾ ਹੈ। ਸਕੂਲ ਦੇ ਦਿਨ ਨੂੰ ਇਕ ਬਲਾਕ ਨਾਲ ਵਧਾ ਕੇ ਅਤੇ ਸਕੈਜੂਅਲ ਵਿੱਚ

ਤਬਦੀਲੀਆਂ ਕਰਕੇ, ਅਸੀਂ ਸਿੱਖਣ ਲਈ ਕੁਆਲਟੀ ਵਾਲਾ ਮਾਹੌਲ ਕਾਇਮ ਰੱਖਦੇ ਹੋਏ ਸਕੂਲ ਦੀ ਸਮਰੱਥਾ (ਕੈਪਿਸਟੀ) ਵਧਾ ਸਕਦੇ ਹਾਂ ਅਤੇ ਵਿਦਿਆਰਥੀਆਂ ਲਈ ਕੋਰਸਾਂ ਦਾ ਪ੍ਰਬੰਧ ਕਰ ਸਕਦੇ ਹਾਂ।

### 5. ਜਿਹੜਾ ਸੈਕੰਡਰੀ ਸਕੂਲ ਐਕਸਟੈਂਡਿਡ ਡੇਅ ਨੂੰ ਲਾਗੂ ਕਰੇਗਾ, ਉਸ ਦਾ ਸਕੈਜੂਅਲ ਕਿਸ ਤਰ੍ਹਾਂ ਦਾ ਹੋਵੇਗਾ?

ਸਤੰਬਰ ਵਿੱਚ ਸ਼ੁਰੂ ਹੋ ਕੇ, ਸਕੂਲ ਦਾ ਦਿਨ ਪੰਜ ਬਲਾਕਾਂ ਤੱਕ ਵਧਾ ਦਿੱਤਾ ਜਾਵੇਗਾ। ਵਿਦਿਆਰਥੀ ਇਕ ਦਿਨ ਵਿੱਚ ਚਾਰ ਬਲਾਕਾਂ ਵਿੱਚ ਹਾਜ਼ਰ ਹੋਣਾ ਜਾਰੀ ਰੱਖਣਗੇ, ਪਰ ਹਰ ਵਿਦਿਆਰਥੀ ਦਾ ਸਕੈਜੂਅਲ ਉਸ ਦੀਆਂ ਕਲਾਸਾਂ `ਤੇ ਨਿਰਭਰ ਹੋਵੇਗਾ। ਉਦਾਹਰਨ ਲਈ, ਕੁੱਝ ਵਿਦਿਆਰਥੀ ਪਹਿਲੇ ਚਾਰ ਬਲਾਕਾਂ ਵਿੱਚ ਹਾਜ਼ਰ ਹੋਣਗੇ, ਦੂਸਰੇ ਅਖੀਰਲੇ ਚਾਰ ਬਲਾਕਾਂ ਵਿੱਚ, ਅਤੇ ਕੁੱਝ ਦਿਨ ਦੇ ਪਹਿਲੇ ਦੋ ਅਤੇ ਅਖੀਰਲੇ ਦੋ ਬਲਾਕਾਂ ਵਿੱਚ ਹਾਜ਼ਰ ਹੋਣਗੇ।

ਇਸ ਸਮੇਂ, ਵਿਦਿਆਰਥੀ ਕੋਰਸਾਂ ਦੀ ਚੋਣ ਕਰਨ ਵਿੱਚ ਸਰਗਰਮੀ ਨਾਲ ਲੱਗੇ ਹੋਏ ਹਨ। ਇਸ ਪੜਾਅ ਦੌਰਾਨ ਇਕੱਤਰ ਕੀਤੀ ਗਈ ਜਾਣਕਾਰੀ, ਕੋਰਸਾਂ ਨੂੰ ਪੰਜ ਬਲਾਕਾਂ ਵਿੱਚ ਵੰਡਣ ਦੇ ਅਮਲ ਵਿੱਚ ਜ਼ਰੂਰੀ ਭੂਮਿਕਾ ਨਿਭਾਏਗੀ। ਜਾਣਕਾਰੀ ਦੇ ਆਧਾਰਤ ਇਹ ਪਹੁੰਚ ਅਜਿਹੇ ਟਾਇਮਟੇਬਲ ਤਿਆਰ ਕਰਨ ਵਿੱਚ ਭੂਮਿਕਾ ਨਿਭਾਏਗੀ, ਜਿਹੜੇ ਸਾਡੇ ਵਿਦਿਆਰਥੀਆਂ ਦੀ ਸਿੱਖਿਆ ਅਤੇ ਭਲਾਈ ਨੂੰ ਪਹਿਲ ਦੇਣਗੇ।

ਕਲਾਸਾਂ ਦੇ ਖਾਸ ਸਮੇਂ ਅਤੇ ਇੰਤਜ਼ਾਮਾਂ ਨੂੰ ਦਰਸਾਉਂਦੇ ਮੁਢਲੇ ਸਕੈਜੂਅਲ ਬਾਰੇ ਵਿਦਿਆਰਥੀਆਂ ਅਤੇ ਉਹਨਾਂ ਦੇ ਪਰਿਵਾਰਾਂ ਨੂੰ ਬਸੰਤ ਦੇ ਅਖੀਰ ਤੱਕ ਦੱਸ ਦਿੱਤਾ ਜਾਵੇਗਾ।

### 6. ਕੀ ਵਿਦਿਆਰਥੀਆਂ ਲਈ ਐਕਸਟੈਂਡਿਡ ਡੇਅ (ਵਧਾਏ ਹੋਏ ਦਿਨ) ਵਿੱਚ ਸ਼ਮੂਲੀਅਤ ਜ਼ਰੂਰੀ ਹੋਵੇਗੀ?

ਹਾਂ। ਐਕਸਟੈਂਡਿਡ ਡੇਅ ਲਾਗੂ ਕਰਨ ਵਾਲੇ ਸਕੂਲਾਂ ਵਿੱਚ ਇਸ ਸਤੰਬਰ ਦੇ ਸ਼ੁਰੂ ਤੋਂ ਸਾਰਾਂ ਸਕੂਲ ਪੰਜ ਪੀਰੀਅਡਾਂ ਵੱਲ ਤਬਦੀਲ ਹੋਵੇਗਾ। ਇਕ ਵਿਦਿਆਰਥੀ ਦਾ ਸਕੈਜੂਅਲ ਉਹਨਾਂ ਖਾਸ ਕਲਾਸਾਂ `ਤੇ ਨਿਰਭਰ ਹੋਵੇਗਾ, ਜਿਹਨਾਂ ਵਿੱਚ ਤੁਹਾਡੇ ਬੱਚੇ ਨੇ ਦਾਖਲਾ ਲਿਆ ਹੈ।

### 7. ਕੀ ਆਪਣੇ ਸਕੈਜੂਅਲਾਂ ਦੇ ਸੰਬੰਧ ਵਿੱਚ ਵਿਦਿਆਰਥੀ ਕੁੱਝ ਕਹਿ ਸਕਣਗੇ?

ਹਮੇਸ਼ਾਂ ਦੀ ਤਰ੍ਹਾਂ, ਵਿਦਿਆਰਥੀਆਂ ਕੋਲ ਕੋਰਸਾਂ ਦੀਆਂ ਆਪਣੀਆਂ ਲੋੜਾਂ ਅਤੇ ਤਰਜੀਹਾਂ ਅਨੁਸਾਰ ਕੋਰਸਾਂ ਦੀ ਚੋਣ ਕਰਨ ਦਾ ਮੌਕਾ ਹੋਵੇਗਾ, ਤਾਂ ਜੋ ਇਹ ਯਕੀਨੀ ਹੋ ਸਕੇ ਕਿ ਉਹ ਪੂਰੀ ਤਰ੍ਹਾਂ ਭਰਪੂਰ ਅਤੇ ਸੰਤੁਸ਼ਟੀ ਭਰੇ ਪੜ੍ਹਾਈ ਦੇ ਸਫਰ ਦਾ ਆਨੰਦ ਮਾਣਦਿਆਂ ਆਪਣੀਆਂ ਗ੍ਰੈਜੂਏਸ਼ਨ ਦੀਆਂ ਸ਼ਰਤਾਂ ਪੂਰੀਆਂ ਕਰ ਸਕਣ ਦੇ ਯੋਗ ਹੋਣ। ਸਕੂਲ ਇਹ ਯਕੀਨੀ ਬਣਾਉਣ ਲਈ ਸਖਤ ਕੰਮ ਕਰਨਗੇ ਇਕ ਇਹ ਕੋਰਸ ਉਪਲਬਧ ਹਨ ਅਤੇ ਉਹ ਹਰ ਇਕ ਵਿਦਿਆਰਥੀ ਦੇ ਟਾਇਮਟੇਬਲ ਨਾਲ ਮੇਲ ਖਾਂਦੇ ਹਨ।

### 8. ਐਕਸਟੈਂਡਿਡ ਡੇਅ ਵਿਦਿਆਰਥੀਆਂ ਲਈ ਕਿਸ ਤਰ੍ਹਾਂ ਫਾਇਦੇਮੰਦ ਹੈ?

ਐਕਸਟੈਂਡਿਡ ਡੇਅ ਦਾ ਸਕੈਜੂਅਲ ਲਾਗੂ ਕਰਕੇ, ਸਕੂਲ ਤਕਰੀਬਨ 10-15% ਦੇ ਕਰੀਬ ਸਮਰੱਥਾ ਵਧਾਉਣ ਦੇ ਯੋਗ ਹੋਵੇਗਾ। ਵਿਦਿਆਰਥੀਆਂ ਦੀ ਹਾਜ਼ਰੀ ਨੂੰ ਲਮਕਾ ਕੇ, ਅਸੀਂ ਸਿੱਖਿਆ ਦੀ ਕੁਆਲਟੀ ਜਾਂ ਆਪਣੇ ਸਿੱਖਣ ਦੇ ਮਾਹੌਲ ਦੀ ਸੰਪੂਰਨਤਾ ਨੂੰ ਨੁਕਸਾਨ ਪਹੁੰਚਾਏ ਬਿਨਾਂ ਮੌਜੂਦਾ ਥਾਂ ਦੀ ਕਾਰਗਰ ਵਰਤੋਂ ਕਰ ਸਕਾਂਗੇ ਅਤੇ ਆਪਣੇ ਮੌਜੂਦਾ ਵਿਦਿਆਰਥੀਆਂ ਅਤੇ ਵਿਦਿਆਰਥੀਆਂ ਦੇ ਦਾਖਲੇ ਵਿੱਚ ਅਨੁਮਾਨਿਤ ਵਾਧੇ ਲਈ ਥਾਂ ਬਣਾ ਸਕਾਂਗੇ।

ਇਸ ਦੇ ਨਾਲ ਹੀ, ਐਕਸਟੈਂਡਿਡ ਡੇਅ ਕਲਾਸਰੂਮਾਂ, ਟੈਕਨੋਲੋਜੀ ਦੀਆਂ ਲੈਬਾਂ, ਲਾਇਬ੍ਰੇਰੀਆਂ, ਅਤੇ ਮੈਟਲ/ਵੁੱਡ ਸ਼ਾਪਸ ਵਗਰੇ ਸਾਂਝੇ ਵਸੀਲਿਆਂ ਤੱਕ ਪਹੁੰਚ ਨੂੰ ਵਧਾਏਗਾ। ਇਸ ਨਾਲ ਇਹ ਯਕੀਨੀ ਬਣੇਗਾ ਕਿ ਸਾਰੇ ਵਿਦਿਆਰਥੀਆਂ, ਬੇਸ਼ੱਕ ਉਹਨਾਂ ਦੀ ਹਾਜ਼ਰੀ ਦਾ ਸਕੈਜੂਅਲ ਕੋਈ ਵੀ ਹੋਵੇ, ਦੀ ਇਹਨਾਂ ਸਹੂਲਤਾਂ ਤੱਕ ਬਰਾਬਰ ਅਤੇ ਉਚਿਤ ਪਹੁੰਚ ਹੋਵੇ।

### 9. ਐਕਸਟੈਂਡਿਡ ਡੇਅ ਪ੍ਰੋਗਰਾਮ ਦੀ ਨਿਗਰਾਨੀ ਕੌਣ ਕਰੇਗਾ?

ਪ੍ਰਬੰਧਕਾਂ, ਲਾਇਬ੍ਰੀਅਨਾਂ, ਟੀਚਰਾਂ, ਕਾਊਂਸਲਰਾਂ ਅਤੇ ਸੁਪੋਰਟ ਸਟਾਫ ਸਮੇਤ ਸਕੂਲ ਵਿੱਚ ਸਾਰੇ ਪੰਜ ਬਲਾਕਾਂ ਲਈ ਸਟਾਫ ਹੋਵੇਗਾ। ਅਸੀਂ ਆਪਣੇ ਸਾਰੇ ਵਿਦਿਆਰਥੀਆਂ ਲਈ ਸੁਰੱਖਿਅਤ ਅਤੇ ਵਧੀਆ ਮਾਹੌਲ ਪ੍ਰਦਾਨ ਕਰਨਾ ਜਾਰੀ ਰੱਖਾਂਗੇ।

### 10. ਐਕਸਟੈਂਡਿਡ ਡੇਅ ਮੇਰੇ ਬੱਚੇ ਦੀਆਂ ਪਾਠਕ੍ਰਮ ਤੋਂ ਬਾਹਰੀ ਸਰਗਰਮੀਆਂ `ਤੇ ਕਿਸ ਤਰ੍ਹਾਂ ਅਸਰ ਕਰੇਗਾ?

ਜਿੰਨਾ ਸੰਭਵ ਹੋ ਸਕੇਗਾ ਉਸ ਹੱਦ ਤੱਕ ਅਸੀਂ ਪਾਠਕ੍ਰਮ ਤੋਂ ਬਾਹਰੀ ਸਰਗਰਮੀਆਂ ਨਾਲ ਟਕਰਾਅ ਨੂੰ ਘੱਟ ਕਰਨ ਦੇ ਕੋਸ਼ਿਸ਼ ਕਰਾਂਗੇ।

### 11. ਸ਼ਾਮਲ ਹੋਣ ਵਾਲੇ ਵਿਦਿਆਰਥੀਆਂ ਦੀ ਸੁਰੱਖਿਆ ਅਤੇ ਭਲਾਈ ਯਕੀਨੀ ਬਣਾਉਣ ਲਈ ਕਿਸ ਤਰ੍ਹਾਂ ਦੇ ਉਪਾਅ ਲਾਗੂ ਕੀਤੇ ਜਾਣਗੇ?

ਵਿਦਿਆਰਥੀਆਂ ਦੀ ਸੁਰੱਖਿਆ ਅਤੇ ਭਲਾਈ ਹਮੇਸ਼ਾਂ ਸਾਡੀ ਪਹਿਲ ਹੈ। ਸਕੂਲ ਖੁੱਲ੍ਹਣ ਦੇ ਸਾਰੇ ਸਮੇਂ ਦੌਰਾਨ ਅਸੀਂ ਫਸਟ ਏਡ ਵਰਗੀਆਂ ਲੋੜੀਂਦੀਆਂ ਮਦਦਾਂ ਸਮੇਤ ਸੁਰੱਖਿਆ ਦੇ ਵਿਸਤ੍ਰਿਤ ਨਿਯਮਾਂ ਨੂੰ ਲਾਗੂ ਕਰਨਾ ਜਾਰੀ ਰੱਖਾਂਗੇ।

### 12. ਐਕਸਟੈਂਡਿਡ ਡੇਅ ਸਕੂਲ ਵਿੱਚ ਸਮਰੱਥਾ (ਕੈਪਿਸਟੀ) ਦੇ ਮਸਲੇ ਨਾਲ ਕਿਸ ਤਰ੍ਹਾਂ ਨਿਪਟੇਗਾ?

ਸਾਰੇ ਵਿਦਿਆਰਥੀਆਂ ਲਈ ਸਿੱਖਿਆ ਦੀ ਕੁਆਲਟੀ ਨੂੰ ਯਕੀਨੀ ਬਣਾਉਂਦਿਆਂ ਐਕਸਟੈਂਡਿਡ ਡੇਅ ਦਾ ਪ੍ਰੋਗਰਾਮ ਥਾਂ ਅਤੇ ਵਸੀਲਿਆਂ ਦੀ ਵਰਤੋ ਦਾ ਸਾਰੇ ਦਿਨ ਵਿੱਚ ਪਸਾਰ ਕਰਦਿਆਂ ਸਕੂਲ ਦੇ ਬੁਨਿਆਦੀ ਢਾਂਚੇ ਦੀ ਕਾਰਗਰ ਵਰਤੋਂ ਕਰਕੇ ਸਮਰੱਥਾ (ਕੈਪਿਸਟੀ) ਦੇ ਮਸਲੇ ਨੂੰ ਹੱਲ ਕਰਨ ਵਿੱਚ ਮਦਦ ਕਰੇਗਾ।

ਐਕਸਟੈਂਡਿਡ ਡੇਅ ਸਕੈਜੂਅਲ ਲਾਗੂ ਕਰਕੇ, ਸਕੂਲ ਸਮਰੱਥਾ ਵਿੱਚ ਤਕਰੀਬਨ 10-15% ਦਾ ਵਾਧਾ ਕਰਨ ਦੇ ਯੋਗ ਹੋਵੇਗਾ।

### 13. ਕੀ ਥਾਂ ਨੂੰ ਕਿਰਾਏ `ਤੇ ਲੈਣ `ਤੇ ਅਸਰ ਪਵੇਗਾ?

ਅਸੀਂ ਕਮਿਊਨਿਟੀ ਦੇ ਮੈਂਬਰਾਂ ਨੂੰ ਪੜ੍ਹਾਈ ਦੇ ਸਮੇਂ ਤੋਂ ਬਾਅਦ ਸਕੂਲ ਦੀ ਥਾਂ ਕਿਰਾਏ `ਤੇ ਲੈਣ ਦੀ ਸਹੂਲਤ ਦੇਣੀ ਜਾਰੀ ਰੱਖਾਂਗੇ। ਹਮੇਸ਼ਾਂ ਦੀ ਤਰ੍ਹਾਂ ਸਕੂਲ ਅਤੇ ਡਿਸਟ੍ਰਿਕਟ ਦੇ ਪ੍ਰੋਗਰਾਮਾਂ, ਸੇਵਾਵਾਂ ਅਤੇ ਸਰਗਰਮੀਆਂ ਨੂੰ ਪਹਿਲ ਦਿੱਤੀ ਜਾਵੇਗੀ।

### 14. ਅਸੀਂ ਹੋਰ ਪੋਰਟੇਬਲਾਂ ਦੀ ਗਿਣਤੀ ਕਿਉਂ ਨਹੀਂ ਵਧਾ ਸਕਦੇ?

ਪੋਰਟੇਬਲਾਂ ਨਾਲ ਸਾਡੇ ਡਿਸਟ੍ਰਿਕਟ ਨੂੰ ਵਿੱਤੀ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਹਨਾਂ ਢਾਂਚਿਆਂ ਨਾਲ ਸੰਬੰਧਿਤ ਖਰਚੇ ਸਾਨੂੰ ਸਿੱਧੇ ਡਿਸਟ੍ਰਿਕਟ ਦੇ ਉਪਰੇਟਿੰਗ ਫੰਡਾਂ ਵਿੱਚੋਂ ਲੈਣੇ ਪੈਂਦੇ ਹਨ, ਜਿਸ ਨਾਲ ਹੋਰ ਜ਼ਰੂਰੀ ਖੇਤਰਾਂ ਵਿੱਚ ਵਸੀਲੇ ਘਟਦੇ ਹਨ। ਇਸ ਦੇ ਨਾਲ ਹੀ, ਸਕੂਲ ਦੀਆਂ ਜ਼ਮੀਨਾਂ `ਤੇ ਹੋਰ ਪੋਰਟੇਬਲ ਰੱਖਣ ਲਈ ਥਾਂ ਦੀ ਸੀਮਾ, ਸਕੂਲਾਂ ਦੇ ਸਮਰੱਥਾ ਦੇ ਮਸਲਿਆਂ ਦੇ ਲੰਮੇ ਸਮੇਂ ਲਈ ਕਾਇਮ ਰਹਿਣ ਯੋਗ ਹੱਲ ਲੱਭਣ ਦੀ ਫੌਰੀ ਜ਼ਰੂਰਤ ਨੂੰ ਉਭਾਰਦੀ ਹੈ।

### 15. ਡਿਸਟ੍ਰਿਕਟ ਹੋਰ ਸਕੂਲ ਕਿਉਂ ਨਹੀਂ ਉਸਾਰ ਸਕਦਾ?

ਬ੍ਰਿਟਿਸ਼ ਕੋਲੰਬੀਆ ਸੂਬੇ ਵਿੱਚ ਮਨਿਸਟਰੀ ਆਫ ਐਜੂਕੇਸ਼ਨ ਐਂਡ ਚਿਲਡਰਨ ਸਾਰੇ ਨਵੇਂ ਸਕੂਲਾਂ ਦੀ ਉਸਾਰੀ ਅਤੇ ਵਾਧਿਆਂ ਲਈ ਫੰਡਾਂ ਨੂੰ ਪ੍ਰਵਾਨਗੀ ਦੇਣ ਲਈ ਜ਼ਿੰਮੇਵਾਰ ਹੈ। ਬੇਸ਼ੱਕ ਸਾਡਾ ਬੋਰਡ ਆਫ ਐਜੂਕੇਸ਼ਨ ਨਵੇਂ ਸਕੂਲਾਂ ਦੀ ਉਸਾਰੀ ਲਈ ਵਕਾਲਤ ਕਰਦਾ ਰਹਿੰਦਾ ਹੈ, ਫਿਰ ਵੀ ਕਿਸੇ ਵੀ ਨਵੀਂ ਬਿਲਡਿੰਗ ਨੂੰ ਪ੍ਰਵਾਨਗੀ ਦੇਣ ਦਾ ਆਖਰੀ ਫੈਸਲਾ ਸੂਬੇ ਦੀ ਮਨਿਸਟਰੀ ਆਫ ਐਜੂਕੇਸ਼ਨ ਐਂਡ ਚਾਇਲਡ ਕੇਅਰ ਦੇ ਹੱਥ ਹੈ।